Tel: 604.596.7733
Fax: 604.596.7941
www.sd36.bc.ca

**ਜਨਵਰੀ 18, 2008**

## ਸਕੂਲ ਡਿਸਟਰਿਕਟ ਵਲੋਂ ਦੂਜੇ ਸਟਰੋਂਗਸਟਾਰਟ ਪ੍ਰੋਗਰਾਮ ਦਾ ਓਦਘਾਟਨ

District opens second StrongStart centre for preschoolers

ਜਨਵਰੀ 18 ਨੂੰ ਕੂਗਰ ਕਰੀਕ ਐਲੀਮੈਂਟਰੀ ਸਕੂਲ ਵਿੱਚ ਡਿਸਟਰਿਕਟ ਦੇ ਦੂਜੇ ਸਟਰੋਂਗਸਟਾਰਟ ਪ੍ਰੋਗਰਾਮ ਦਾ ਓਦਘਾਟਨ ਕੀਤਾ ਗਿਆ ਜਿਸ ਵਿੱਚ ਸਕੂਲ ਦੇ ਕਰਮਚਾਰੀਆਂ ਅਤੇ ਮਾਪਿਆਂ ਨੇ ਹਿੱਸਾ ਲਿਆ ।

ਇਹ ਸਟਰੋਂਗਸਟਾਰਟ ਦਾ ਪ੍ਰੋਗਰਾਮ ਇੱਕ ਬਿਲਕੁਲ ਮੁਫਤ ਪਰੋਗਰਾਮ ਹੈ ਜਿਸ ਵਿੱਚ ਪਰੀ ਸਕੂਲ ਦੀ ਓਮਰ ਦੇ ਬੱਚੇ, ਮਤਲਬ, ਪੰਜ ਸਾਲ ਤੋਂ ਛੋਟੇ ਬੱਚੇ, ਜਦੋਂ ਵੀ ਚਾਹੁਣ ਆਪਣੇ ਮਾਪਿਆਂ ਜਾਂ ਘਰ ਦੇ ਕਿਸੇ ਵੀ ਮੈਂਬਰ ਨਾਲ ਆ ਕਿ ਹਰ ਸਵੇਰ ਇਸ ਪਰੋਗਰਾਮ ਵਿੱਚ ਹਿੱਸਾ ਲੈ ਸਕਦੇ ਹਨ । ਇਸ ਪ੍ਰੋਗਰਾਮ ਦੀ ਅਗਵਾਈ ਇੱਕ ਛੋਟੇ ਬੱਚਿਆਂ ਨੂੰ ਪੜ੍ਹਾਓਣ ਦੇ ਯੋਗ ਕਰਮਚਾਰੀ ਰਾਹੀਂ ਕੀਤੀ ਜਾਂਦੀ ਹੈ ਜੋ ਬੱਚਿਆਂ ਨੂੰ ਓਹਨਾਂ ਦੇ ਮਾਪਿਆਂ ਦੀ ਨਿਗਰਾਨੀ ਅਤੇ ਸਹਾਇਤਾ ਨਾਲ ਕਹਾਣੀਆਂ ਰਾਹੀਂ, ਸੰਗੀਤ ਰਾਹੀਂ, ਕਲਾ ਰਾਹੀਂ ਬੋਲਣ ਵਿੱਚ, ਸਮਾਜਿਕ ਓਠਣ ਬੈਠਣ ਵਿੱਚ ਅਤੇ ਸਕੂਲ ਵਿੱਚ ਚਲਣ ਲਈ ਹੋਰ ਜਾਣਕਾਰੀ ਦਿੰਦੇ ਹਨ ।

ਇਸ ਓਦਘਾਟਨ ਦੇ ਸਮੇਂ ਬੋਰਡ ਆਫ ਐਜੂਕੇਸ਼ਨ ਦੇ ਚੇਅਰਮੈਨ, ਰੈਨੀ ਮੈਸੀ ਨੇ ਕਿਹਾ, “ਕੂਗਰ ਕਰੀਕ ਕਮਿਊਨਟੀ ਨੇ ਇਸ ਸਟਰੋਂਗਸਟਾਰਟ ਦੇ ਪ੍ਰੋਗਰਾਮ ਨੂੰ ਬਹੁਤ ਅੱਛੀ ਤਰਾਂ ਅਪਣਾਇਆ ਹੈ । ਮਾਪਿਆਂ ਨੇ, ਬਜ਼ੁਰਗਾਂ ਅਤੇ ਛੋਟੇ ਬੱਚਿਆਂ ਨੇ ਇਹ ਦੇਖਿਆ ਹੈ ਕਿ ਸਾਡੇ ਸਕੂਲ ਸਭ ਨੂੰ ਜੀ ਆਇਆਂ ਕਹਿੰਦੇ ਹਨ ਅਤੇ ਨਾਲ ਨਾਲ ਇਹ ਸਾਰੇ ਦੇਖਦੇ ਹਨ ਕਿ ਬੱਚੇ ਦਾ ਸ਼ੁਰੂ ਤੋਂ ਹੀ ਸਿੱਖਣਾ ਅਤੇ ਮਾਪਿਆਂ ਦਾ ਸਕੂਲ ਵਿੱਚ ਹਿੱਸਾ ਲੈਣਾ ਬਹੁਤ ਹੀ ਲਾਭਦਾਇਕ ਹੈ ।”

ਇਸ ਪ੍ਰੋਗਰਾਮ ਲਈ ਸਰ੍ਹੀ ਸਕੂਲ ਡਿਸਟਰਿਕਟ ਨੂੰ 50,000 ਡਾਲਰ ਗੌਰਮਿੰਟ ਦੇ ਵਿਦਿਆ ਵਿਭਾਗ ਵਲੋਂ ਦਿੱਤਾ ਗਿਆ ਸੀ । ਇਸ ਪੈਸੇ ਵਿੱਚੋਂ 20,000 ਡਾਲਰ ਪ੍ਰੋਗਰਾਮ ਦੇ ਸ਼ੁਰੂ ਕਰਨ ਲਈ, ਮਤਲਬ ਨਵੀਆਂ ਚੀਜ਼ਾਂ ਲਈ ਅਤੇ ਕਮਰੇ ਦੀ ਤਿਆਰੀ ਲਈ ਅਤੇ 30,000 ਡਾਲਰ ਇਸ ਪ੍ਰੋਗਰਾਮ ਨੂੰ ਚਲਾਓਣ ਲਈ ਜਿਸ ਵਿੱਚ ਕਰਮਚਾਰੀ ਦੀ ਤਨਖਾਹ, ਓਸਦੀ ਵਾਧੂ ਟਰੇਨਿੰਗ ਅਤੇ ਬੱਚਿਆਂ ਲਈ ਖਾਣ ਲਈ ਲੋੜੀਂਦੀਆਂ ਵਸਤੂਆਂ ਦਾ ਖਰਚਾ ।

ਸਰ੍ਹੀ ਸਕੂਲ ਵਿੱਚ ਇਹ ਇਸ ਤਰਾਂ ਦਾ ਦੂਜਾ ਸਟਰੋਂਗਸਟਾਰਟ ਪ੍ਰੋਗਰਾਮ ਹੈ, ਇਸ ਤੋਂ ਪਹਿਲਾਂ, ਇਸ ਦੇ ਨਾਲ ਦਾ ਹੀ ਪ੍ਰੋਗਰਾਾਮ ਬਰਿੱਜਵੀਊ ਦੇ ਸਕੂਲ ਵਿੱਚ ਸਥਾਪਿਤ ਕੀਤਾ ਗਿਆ ਸੀ ।

ਸਾਡੇ ਸੂਬੇ ਦੇ ਵਿਦਿਆ ਮੰਤਰੀ ਨੇ ਕਿਹਾ, “ਸਟਰੋਂਗਸਟਾਰਟ ਪਰੋਗਰਾਮ ਰਾਹੀਂ ਪ੍ਰੀਵਾਰਾਂ ਲਈ ਲਿਆਂਦੇ ਗਏ ਲਾਭ ਮੈਂ ਆਪਣੇ ਸੂਬੇ ਵਿੱਚ ਦੇਖੇ ਹਨ । ਇਸ ਸੈਂਟਰ ਨਾਲ ਇਹ ਫਾਇਦਾ ਹੋਏਗਾ ਕਿ ਹੋਰ ਸਰ੍ਹੀ ਦੇ ਬੱਚੇ ਸਕੂਲ ਲਈ ਤਿਆਰ ਹੋਣਗੇ ਤਾਂ ਕਿ ਓਹ ਆਪਣੇ ਹੁਨਰਾਂ ਦੀ ਵੱਧ ਤੋਂ ਵੱਧ ਤਰੱਕੀ ਕਰ ਸਕਣ ।”